# ਦਫਤਰ ਜਿਲਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

deose.bathinda@punjabeducation.gov.in

**ਅਤਿ ਜਰੂਰੀ /ਸਮਾਂ ਬੱਧ**
**ਯਾਦ ਪੱਤਰ-3**

ਵੱਲ

ਸਮੂਹ ਸਕੂਲ ਮੁਖੀ
ਜਿਲ੍ਹਾ ਬਠਿੰਡਾ
ਪੱਤਰ ਨੰ: ਜੀ-1/1 ( )2024 / 10004
ਮਿਤੀ ਬਠਿੰਡਾ : 12/07/2024

**ਵਿਸ਼ਾ :-** **ਤੰਬਾਕੂ ਮੁਕਤ ਸਕੂਲਾਂ/ਸਿੱਖਿਆ ਸੰਸਥਾਵਾਂ ਬਣਾਉਣ ਸਬੰਧੀ।**

ਹਵਾਲਾ: ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ –ਕਮ-ਸਟੇਟ ਪ੍ਰੋਜੈਕਟ ਸਮੱਗਰਾ ਸਿੱਖਿਆ ਅਭਿਆਨ ਅਥਾਰਟੀ (ਪੰਜਾਬ ) ਦੇ ਮੀਮੋ ਨੰ. ਸਮੱਗਰਾ/ਪਲਾਨ/2024/151738 ਮਿਤੀ: 27.06.2024 ਦੇ ਸਬੰਧੀ ।

ਉਪਰੋਕਤ ਵਿਸਾ ਹਵਾਲਾ ਅੰਕਿਤ ਸਬੰਧੀ ਆਪ ਨੂੰ ਲਿਖਿਆ ਜਾਂਦਾ ਹੈ ਕਿ ਭਾਰਤ ਸਰਕਾਰ ਵੱਲੋਂ ਸਕੂਲਾਂ/ਸਿੱਖਿਆ ਸੰਸਥਾਵਾਂ ਨੂੰ ਤੰਬਾਕੂ ਮੁਕਤ ਬਣਾਉਣ ਲਈ ਨਵੇਂ ਦਿਸ਼ਾ ਨਿਰਦੇਸ਼ ਪ੍ਰਾਪਤ ਹੋਏ ਹਨ,ਜਿਸ ਦੇ ਸਬੰਧ ਵਿਚ ਸਮੂਹ ਸਕੂਲ ਮੁਖੀਆਂ ਨੂੰ ਵਾਰ –ਵਾਰ ਪੱਤਰ ਜਾਰੀ ਕੀਤੇ ਜਾਂਦੇ ਸਨ , ਪ੍ਰੰਤੂ ਸਬੰਧਤ ਸਕੂਲ ਮੁਖੀਆਂ ਵੱਲੋਂ ਮੰਗੀ ਗਈ ਸੂਚਨਾ ਵੱਲ ਬਹੁਤਾ ਧਿਆਨ ਨਹੀਂ ਦਿੱਤਾ ਜਾਂਦਾ । ਜਿਸ ਕਾਰਨ ਦਫਤਰ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਸਬੰਧਤ ਸਕੂਲ ਮੁਖੀਆਂ ਨੂੰ ( ਜਿਨ੍ਹਾਂ ਵੱਲੋ ਹਾਲੇ ਤੱਕ ਗੂਗਲ ਫਾਰਮ ਨਹੀਂ ਭਰਿਆ ਗਿਆ) ਸਖਤ ਹਦਾਇਤ ਕਰਦੇ ਹੋਏ ਲਿਖਿਆ ਜਾਂਦਾ ਹੈ ਕਿ ਮੰਗੀ ਗਈ ਸੂਚਨਾ **ਅੱਜ ਮਿਤੀ:12.07.2024 ਨੂੰ ਦੁਪਹਿਰ 2.00 ਵਜ਼ੇ ਤੱਕ** ਸਕੂਲ ਛੱਡਣ ਤੋਂ ਪਹਿਲਾ ਗੂਗਲ ਫਾਰਮ ਵਿਚ ਭਰਕੇ ਭੇਜੀ ਜਾਵੇ ।ਮੰਗੀ ਗਈ ਸੂਚਨਾ ਨਾ ਭੇਜਣ ਦੀ ਹਾਲਤ ਵਿਚ ਸਬੰਧਤ ਸਕੂਲ ਮੁਖੀ ਜਿੰਮੇਵਾਰ ਹੋਵੇਗਾ।

ਗੂਗਲ ਫਾਰਮ ਲਿੰਕ **-https://forms.gle/xk4akSTH8vvsBCB28**

ਨੋਟ : ਇਹ ਸੂਚਨਾ ਗੂਗਲ ਫਾਰਮ ਰਾਹੀਂ ਤੁਰੰਤ ਭਰਕੇ ਭੇਜੀ ਜਾਵੇ , ਕੁਝ ਸਕੂਲਾਂ ਵੱਲੋਂ ਇਹ ਸੂਚਨਾ ਮੁਖ ਦਫਤਰ ਦੀ ਮੇਲ ਆਈ ਡੀ ਤੇ ਭੇਜੀ ਜਾ ਰਹੀ , ਸੋ ਇਸ ਤੋਂ ਗੁਰੇਜ ਕੀਤਾ ਜਾਵੇ । ਸੂਚਨਾ ਕੰਨਸੋਲੀਡੇਟ ਕਰਨ ਉਪਰੰਤ ਹੀ ਮੁਖ ਦਫਤਰ ਨੂੰ ਭੇਜੀ ਜਾਵੇਗੀ ।

12/7/24
ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।